[redacted]

~~190~~ (16)

ਪੰਜਾਬ ਸਰਕਾਰ
ਫੌਜੀ ਵਿਭਾਗ
(ਫੌਜੀ-1 ਸ਼ਾਖਾ)

ਸੇਵਾ ਵਿਖੇ

ਮੁੱਖ ਡਾਇਰੈਕਟਰ,
ਫੌਜੀ ਭਲਾਈ, ਪੰਜਾਬ,
ਚੰਡੀਗੜ੍ਹ।

ਮੀਮੋ ਨੰ:19/7/2001-4ਚ(1)/
ਮਿਤੀ,ਚੰਡੀਗੜ੍ਹ ____________

ਵਿਸ਼ਾ : ਅਦਾਲਤਾਂ ਕੇਸਾਂ ਵਿਚ ਮੁੱਦਈ ਦੇ ਮੁੱਕਰ ਹੋ ਜਾਣ ਤੇ ਉਸ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ।

---

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਕਈ ਕੇਸਾਂ ਵਿਚ ਮੁੱਦਈ ਅਤੇ ਗਵਾਹ ਅਦਾਲਤ ਵਿੱਚ ਆਪਣੀ ਗਵਾਹੀ ਤੋਂ ਮੁੱਕਰ ਜਾਂਦੇ ਹਨ ਜਿਸ ਨਾਲ ਕੇਸ ਅਦਾਲਤ ਵਿਚ ਫੇਲ੍ਹ ਹੋ ਜਾਂਦੇ ਹਨ। ਆਪ ਵਲੋਂ ਇਨ੍ਹਾਂ ਵਿਰੁੱਧ ਕੋਈ ਕਾਰਵਾਈ ਬਾਰੇ ਸਿਫਾਰਸ਼ ਨਹੀਂ ਕੀਤੀ ਜਾਂਦੀ। ਸਰਕਾਰ ਵਲੋਂ ਇਨ੍ਹਾਂ ਵਿਰੁੱਧ ਕਾਰਵਾਈ ਕਰਨ ਬਾਰੇ ਤਜਵੀਜ਼ ਮੰਗੀ ਜਾਂਦੀ ਹੈ ਤਾਂ ਕਾਫੀ ਸਮਾਂ ਬੀਤ ਜਾਂਦਾ ਹੈ ਤੇ ਕਈ ਕੇਸਾਂ ਵਿਚ ਧਾਰਾ 182 ਆਈ.ਪੀ.ਸੀ. ਦੀ ਮੁੱਦਈ ਵਿਰੁੱਧ ਕਾਰਵਾਈ ਕਰਨ ਦੀ ਮਿਆਦ ਵੀ ਲੰਘ ਜਾਂਦੀ ਹੈ, ਜਿਸ ਨਾਲ ਮੁੱਦਈ ਇਸ ਕਾਰਵਾਈ ਤੋਂ ਬਚ ਜਾਂਦਾ ਹੈ। ਇਸ ਲਈ ਆਪ ਨੂੰ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਮੁੱਦਈ ਦੇ ਮੁੱਕਰ ਜਾਣ ਕਾਰਨ ਕੋਈ ਕੇਸ ਅਦਾਲਤ ਵਿਚ ਫੇਲ੍ਹ ਹੁੰਦਾ ਹੈ ਤਾਂ ਉਸ ਵਿਰੁੱਧ ਹੇਠ ਲਿਖੀਆਂ ਕਾਰਵਾਈਆਂ ਵਿਚੋਂ ਇਕ ਜਾਂ ਇਕ ਤੋਂ ਵੱਧ ਕਾਰਵਾਈ ਕਰਨੀ ਤੁਰੰਤ ਯਕੀਨੀ ਬਣਾਈ ਜਾਵੇ ਅਤੇ ਆਰੰਭੀ/ਕੀਤੀ ਕਾਰਵਾਈ ਸਬੰਧੀ ਸਰਕਾਰ ਨੂੰ ਵੀ ਜਾਣੂੰ ਕਰਵਾਇਆ ਜਾਵੇ :-

(1) ਉਸ (ਮੁੱਦਈ) ਵਲੋਂ ਅਦਾਲਤ ਸਾਹਮਣੇ ਆਪਣੀ ਗਵਾਹੀ ਤੋਂ ਮੁੱਕਰ ਜਾਣ ਤੇ ਉਸ ਵਿਰੁੱਧ 182 ਆਈ.ਪੀ.ਸੀ. ਦਾ ਕੇਸ ਦਰਜ ਕੀਤਾ ਜਾਣਾ ਬਣਦਾ ਹੈ। ਇਸਦਾ ਸਮਾਂ ਮੁੱਕਰ ਜਾਣ ਦੇ ਦਿਨ ਤੋਂ ਇਕ ਸਾਲ ਤੱਕ ਦਾ ਹੈ;

(2) ਜੇਕਰ ਉਹ ਨਵੀਂ ਸਕੀਮ ਹੇਠ ਇਨਾਮ ਦੀ ਰਾਸ਼ੀ (25,000/-ਜਾਂ/50,000/- ਲੈ ਚੁੱਕਾ ਹੈ ਤਾਂ ਉਸ ਵਿਰੁੱਧ ਉਕਤ ਦੇ ਨਾਲ-ਨਾਲ 420 ਆਈ.ਪੀ.ਸੀ. ਦਾ ਮੁਕੱਦਮਾ ਵੀ ਦਰਜ ਹੋਣਾ ਚਾਹੀਦਾ ਹੈ।

(3) ਜੇਕਰ ਉਸਨੇ ਅਜੇ ਇਨਾਮ ਪ੍ਰਾਪਤ ਨਹੀਂ ਕੀਤਾ, ਇਸ ਨੂੰ ਪ੍ਰਾਪਤ ਕਰਨ ਲਈ ਅਰਜ਼ੀ ਆਦਿ ਦੇ ਕੇ ਚਾਰਾ ਜੋਈ ਕਰ ਰਿਹਾ ਹੈ ਤਾਂ ਇਸ ਸੂਰਤ ਵਿਚ ਉਸ ਵਿਰੁੱਧ ਮੁਕੱਦਮਾ ਅਧੀਨ ਧਾਰਾ 420/511 ਆਈ.ਪੀ.ਸੀ. ਦਰਜ ਹੋਣਾ ਬਣਦਾ ਹੈ।

ਸਹੀ/-
ਵਿਸ਼ੇਸ਼ ਸਕੱਤਰ, ਫੌਜੀ

ਚਲਦਾ-2

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

[signature]

ਸੁਪਰਡੰਟ

ਸੇਵਾ ਵਿਖੇ

1. ਬਜਟ ਅਤੇ ਅਮਲਾ ਅਫ਼ਸਰ, ਚੌਕਸੀ ਵਿਭਾਗ।
2. ਸੁਪਰਡੰਟ ਚੌਕਸੀ-1, 2, 3 ਅਤੇ 4 ਸ਼ਾਖਾ।

ਅ: ਵਿ: ਪੱ: ਨੰ: 19/7/2001-4ਚ(1)/23116 ਮਿਤੀ, ਚੰਡੀਗੜ੍ਹ: 13/12/01